ਸਤਿਕਾਰ ਯੋਗ ਜੱਥੇਦਾਰ ''ਸ੍ਰੀ ਅਕਾਲ ਤਖ਼ਤ ਸਾਹਿਬ'' ਜੀ

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਖਾਲਸਾ ਜੀਓ,

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਿਹ॥

ਸਿੰਘ ਸਾਹਿਬ ਜੀ ਤੁਸੀਂ ਉਸ ਸਰਵ-ਉਚ ਅਦਾਲਤ ''ਸ੍ਰੀ ਅਕਾਲ ਤਖ਼ਤ ਸਾਹਿਬ'' ਦੇ ਜਥੇਦਾਰ ਹੋ ਜਿਸ ਨੂੰ ਜ਼ਾਲਮ ਸਰਕਾਰ ਨੇ 1984 ਵਿੱਚ ਢਹਿ-ਢੇਰੀ ਕਰ ਦਿੱਤਾ ਸੀ ਤੇ ਹਜ਼ਾਰਾਂ ਨਿਰਦੋਸ਼ ਸਿੱਖਾਂ ਦਾ ਕਤਲ ਕੀਤਾ ਸੀ ਇਸ ਪਵਿੱਤਰ ਧਰਤੀ ਤੇ,ਫਿਰ ਨਵੰਬਰ 84 ਵਿੱਚ ਜ਼ਾਲਮ ਸਰਕਾਰ ਨੇ ਜੋ ਜ਼ੁਲਮ ਦੀ ਹੋਲੀ ਖੇਡੀ ਉਸ ਤੋਂ ਵੀ ਤੁਸੀਂ ਭਲੀ-ਭਾਂਤ ਜਾਣੂ ਹੋ। ਸਿੰਘ ਸਾਹਿਬ ਜੀ ਜ਼ਾਲਮ ਸਰਕਾਰ ਦਾ ਫਿਰ ਢਿੱਡ ਨਹੀਂ ਭਰਿਆ  ਖ਼ੂਨ  ਨਾਲ ਤੇ ਉਹਨਾਂ ਇੱਕ ਦਹਾਕੇ ਤੱਕ ਪੰਜਾਬ ਦੀ ਧਰਤੀ ਦੇ ਕੋਨੇ-ਕੋਨੇ ਨੂੰ ਖ਼ੂਨ ਨਾਲ ਰੰਗ ਦਿੱਤਾ।

ਸਿੰਘ ਸਾਹਿਬ ਜੀ ਗੁਰੂ ਦੇ ਸਿੱਖ ਹਮੇਸ਼ਾਂ ਮਜ਼ਲੂਮਾਂ ਦੀ ਰਾਖੀ ਕਰਦੇ ਨੇ,ਜ਼ਾਲਮ ਨਾਲ ਟੱਕਰ ਲੈਂਦੇ ਆਏ ਨੇ ਇਸ ਗੱਲ ਦਾ ਇਤਿਹਾਸ ਗਵਾਹ ਹੈ ।ਇਸੇ ਤਰ੍ਹਾਂ ਅਜੋਕੇ ਸਮੇਂ ਵੀ ਸਿੰਘਾਂ ਨੇ ਮਜ਼ਲੂਮਾਂ ਦੀ ਰਾਖੀ ਲਈ ਜ਼ਾਲਮ ਨਾਲ ਟੱਕਰ ਲਈ ।ਇਸੇ ਤਰ੍ਹਾਂ ਹੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੀ ਨੇ ਕੌਮ ਤੇ ਹੋਏ ਜ਼ੁਲਮਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜ਼ੁਲਮ ਦੇ ਖਿਲਾਫ਼ ਟੱਕਰ ਲਈ ਤੇ ਅੱਜ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਫ਼ਾਂਸੀ ਦੇ ਤਖ਼ਤੇ ਤੇ ਖੜ੍ਹੇ ਹਨ।

ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੇ ਜੋ ਸਿੱਖਾਂ ਦਾ ਘਾਣ ਕੀਤਾ ਉਹ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ ਹੈ।ਜੇ ਉਹ ਜ਼ਾਲਮ ਕੁਝ ਸਾਲ ਹੋਰ ਜਿਉਂਦਾ ਰਹਿ ਜਾਂਦਾ ਤਾਂ ਸਾਇਦ ਪੰਜਾਬ ਦੀ ਧਰਤੀ ਤੇ ਸਿੱਖਾਂ ਦਾ ਨਾਮੋ-ਨਿਸ਼ਾਨ ਤੱਕ ਨਾ ਰਹਿੰਦਾ ।ਜ਼ਾਲਮ ਨੂੰ ਖ਼ਤਮ ਕਰਨ ਲਈ ਭਾਈ ਦਿਲਾਵਰ ਸਿੰਘ ਜੀ ਨੇ ਆਪਣੀ ਬੋਟੀ-ਬੋਟੀ ਕਰਵਾ ਲਈ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਜੀ ਅੱਜ ਵੀ ਫ਼ਾਂਸੀ ਦੇ ਤਖ਼ਤੇ ਤੇ ਖੜ੍ਹੇ ਹਨ।ਸਾਰਾ ਸਿੱਖ ਜਗਤ ਇਹਨਾਂ ਸੂਰਮਿਆਂ ਤੇ ਮਾਣ ਕਰਦਾ ਹੈ ਤੇ ਸਿੰਘ ਸਾਹਿਬ ਜੀ ਤੁਸੀਂ ਵੀ ਇਹਨਾਂ ਸਿੰਘਾਂ ਨੂੰ ਕੌਮੀ ਸ਼ਹੀਦ ਤੇ ਜ਼ਿੰਦਾ ਸ਼ਹੀਦ ਦਾ ਖਿਤਾਬ ਦਿੱਤਾ ।ਇਸਦਾ ਮਤਲਬ ਕਿ ਤੁਸੀਂ ਵੀ ਇਹਨਾਂ ਸਿੰਘਾਂ ਤੇ ਮਾਣ ਕਰਦੇ ਹੋ।

ਸਿੰਘ ਸਾਹਿਬ ਜੀ ਇਸੇ ਤਰ੍ਹਾਂ ਹੀ ਜੇਲ੍ਹਾਂ ਵਿਚ ਲੰਬੇ ਸਮੇਂ ਤੋਂ ਹੋਰ ਵੀ ਅਣਗਿਣਤ ਸਿੰਘ ਨੇ ਜੋ ਆਪਣਿਆਂ ਦੀ ਹੀ ਬੇਗਾਨਗੀ ਦਾ ਸ਼ਿਕਾਰ ਹੋਏ ਬੈਠੇ ਹਨ।ਜਿੰਨ੍ਹਾਂ ਨੇ ਕੌਮ ਦੇ ਘਰਾਂ ਵਿਚ ਦੀਵੇ ਜਗਦੇ ਰੱਖਣ ਲਈ ਆਪਣੇ ਘਰ ਵੀਰਾਨ ਕਰ ਲਏ।

ਸਿੰਘ ਸਾਹਿਬ ਜੀ ,ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਇਸ ਦੇਸ਼ ਵਿਚ ਘੱਟ ਗਿਣਤੀਆਂ ਲਈ ਕਾਨੂੰਨ ਹੋਰ ਤੇ ਬਹੁ-ਗਿਣਤੀ ਲਈ ਹੋਰ ਹੈ।ਇੱਥੇ ਕਾਤਲਾਂ ਨੂੰ ਕੁਰਸੀਆਂ ਦਿੱਤੀਆਂ ਜਾਂਦੀਆਂ ਹਨ ਤੇ ਸੂਰਮਿਆਂ ਨੂੰ ਫ਼ਾਂਸੀਆਂ ਦੇ ਰੱਸੇ ਜਾਂ ਜੇਲ੍ਹਾਂ ਦੀ ਕਾਲ ਕੋਠੜੀ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੀ ਦੀ ਬਿਮਾਰੀ ਵਾਲੀ ਹਾਲਤ ਤੋਂ ਸਾਰਾ ਖਾਲਸਾ ਪੰਥ ਜਾਣੂ ਹੈ ਪਰ ਸਰਕਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਹਾਲਤ ਨੂ ਜਾਣਦੇ ਹੋਏ ਅੱਖਾਂ ਬੰਦ ਕਰੀ ਬੇਠੀ ਹੈ। ਇਸ ਸਿਸਟਿਮ ਨੂੰ ਸੱਤ ਵਾਰ ਫਾਂਸੀ ਦੀ ਸਜ਼ਾ ਪਾ ਚੁੱਕੇ ਕਿਸ਼ੋਰੀ ਲਾਲ ਹੋਣਾ ਦਾ ਵਿਵਹਾਰ ਚੰਗਾ ਨਜ਼ਰ ਆਉਂਦਾ ਹੈ, ਜਦ ਕਿ ਇਸ ਕਿਸ਼ੋਰੀ ਲਾਲ ਤੋਂ ਵੀ ਜਿਆਦਾ ਉਮਰ ਕੈਦ ਕੱਟ ਚੁੱਕੇ ਸਿੱਖ ਨੌਜਵਾਨ ਇਨ੍ਹਾਂ ਨੂੰ ਅੱਤਵਾਦੀ ਹੀ ਨਜ਼ਰ ਆਉਂਦੇ ਹਨ।

ਸਿੰਘ ਸਾਹਿਬ ਜੀ, ਇਹ ਟਕਰਾਵ ਨੌਜਵਾਨਾਂ ਤੇ ਸਰਕਾਰ ਦਾ ਨਹੀਂ ਹੈ ।ਇਹ ਜ਼ੰਗ ਉਹਨਾਂ ਨੌਜਵਾਨਾਂ ਦੇ ਰੂਪ ਵਿਚ “ਸ੍ਰੀ ਅਕਾਲ ਤਖ਼ਤ ਸਾਹਿਬ” ਜੀ ਤੇ ਜ਼ੁਲਮ ਕਰਨ ਵਾਲੇ ਹੁਕਮਰਾਨਾਂ ਦੀ ਹੈ ।ਸਿੰਘ ਸਾਹਿਬ ਜੀ, ਤੁਸੀਂ ਇਸ ਫੌਜ ਦੇ ਜਥੇਦਾਰ ਹੋ ਤੁਹਾਡੀ ਇਹਨਾਂ ਨੌਜਵਾਨਾਂ ਪ੍ਰਤੀ ਧਾਰੀ ਹੋਈ ਚੁੱਪੀ ਕੌਮ ਲਈ ਨਿਰਾਸ਼ਾ ਦਾ ਕਾਰਣ ਬਣ ਸਕਦੀ ਹੈ।

ਸਿੰਘ ਸਾਹਿਬ ਜੀ , ਮਾਰਚ 2012 ਵਿਚ ਸਾਰਾ ਸਿੱਖ ਜਗਤ “ਸ੍ਰੀ ਅਕਾਲ ਤਖ਼ਤ ਸਾਹਿਬ” ਤੇ ਕੇਸਰੀ ਨਿਸ਼ਾਨ ਥੱਲੇ ਇੱਕਤਰ ਹੋਇਆ ਸੀ ,ਤੇ ਅਜ ਵੀ ਹੈ ।ਸਿੰਘ ਸਾਹਿਬ ਜੀ , ਮਾਰਚ 2012 ਵਿਚ ਖਾਲਸਾ ਪੰਥ ਭਾਈ ਰਾਜੋਆਣਾ ਜੀ ਦੀ ਰਿਹਾਈ ਦੀ ਮੰਗ ਕਰ ਰਿਹਾ ਸੀ। ਤੁਸੀਂ ਵੀ ਖਾਲਸਾ ਪੰਥ ਦਿਆਂ ਭਾਵਨਾਵਾ ਨੂ ਮੁਖ ਰਖਦੇ ਹੋਏ "ਸ੍ਰੀ ਅਕਾਲ ਤਖ਼ਤ ਸਾਹਿਬ" ਤੋਂ 23 ਮਾਰਚ 2012 ਨੂ ਚਰਦੀ ਕਲਾ ਵਾਲਾ ਆਦੇਸ਼ ਜਾਰੀ ਕੀਤਾ ਸੀ ਕੇ ਭਾਈ ਰਾਜੋਆਣਾ ਜੀ ਦੀ ਬਿਨਾ ਸ਼ਰਤ ਰਿਹਾਈ ਕੀਤੀ ਜਾਵੇ। ਲੇਕਿਨ ਹਮੇਸ਼ਾ ਦੀ ਤਰਾਂ ਸਰਕਾਰ ਨੇ ਚਲਾਕੀ ਖੇਡਦੇ ਹੋਏ ਫ਼ਾਂਸੀ ਟਾਲ ਕੇ ਸਿੱਖਾਂ ਨੂੰ ਚੁੱਪ ਕਰਾਉਣ ਦੀ ਨਾਕਾਮ ਕੋਸ਼ਿਸ ਕੀਤੀ ਜਦ ਕਿ ਇਹ ਫ਼ਾਂਸੀ ਅਜੇ ਵੀ ਖ਼ਤਮ ਨਹੀਂ ਕੀਤੀ।

ਸਿੰਘ ਸਾਹਿਬ ਜੀ 28 ਸਾਲਾਂ ਵਿਚ ਦਿੱਲੀ ਦਿਆਂ ਸ਼ੜਕਾਂ ਤੇ ਕੋਹ-ਕੋਹ ਕੇ ਮਾਰੀਆਂ ਸਾਡੀਆਂ ਅਨਗਿਣਤ “ਦਾਮਿਨੀਆਂ” ਲਈ ਅਸੀਂ ਅਜ ਤਕ ਇਨਸਾਫ਼ ਨਹੀ ਲੈ ਸਕੇ, ਕਾਤਿਲਾਂ ਨੂ ਸਜਾਵਾਂ ਨਹੀ ਦਵਾ ਸਕੇ, ਆਪਣੇ ਜੇਲਾਂ ਵਿਚ ਬੰਦ ਹੀਰੇਆਂ ਨੂ ਰਿਹਾ ਨਹੀ ਕਰਵਾ ਸਕੇ। ਕਦੋਂ ਤਕ ਖਾਲਸਾ ਪੰਥ ਏਦਾਂ ਹੀ ਸਚਾਈ ਤੋਂ ਮੂਹ ਮੋੜ ਕੇ ਚੁਪ ਬੈਠਣ ਵਿਚ ਆਪਣੀ ਚੜ੍ਹਦੀਕਲਾ ਸਮਜਦਾ ਰਹੇਗਾ?

ਸਿੰਘ ਸਾਹਿਬ ਜੀ , ਸਿਖਾਂ ਦੀ ਸਰਵ-ਉਚ ਅਦਾਲਤ "ਸ੍ਰੀ ਅਕਾਲ ਤਖ਼ਤ ਸਾਹਿਬ" ਜੀ ਦੇ ਜਥੇਦਾਰ ਹੋਣ ਨਾਤੇ ਹੁਣ ਸਾਰੇ ਖਾਲਸਾ ਪੰਥ ਦੀਆਂ ਨਜ਼ਰਾਂ ਤੁਹਾਡੇ ਤੇ ਟਿਕੀਆਂ ਹਨ।ਨਿਮਰਤਾ ਸਹਿਤ ਬੇਨਤੀ ਹੈ ਕਿ ਤੁਸੀਂ ਜੇਲਾਂ ਵਿਚ ਬੰਦ ਸਿੰਘਾ ਦੀ ਰਿਹਾਈ ਦੇ ਲਈ ਖਾਲਸਾ ਪੰਥ ਦੀ ਅਗਵਾਹੀ ਕਰੋ । "ਸ੍ਰੀ ਅਕਾਲ ਤਖ਼ਤ ਸਾਹਿਬ" ਜੀ ਤੋਂ ਲੋੜੀਂਦੇ ਕਦਮ ਉਠਾਓ ਅਤੇ ਹੁਕਮਨਾਮਾ ਜਾਰੀ ਕਰੋ ਤਾਂ ਕੇ ਕੋਮ ਦੀ ਅਮਾਨਤ ਪ੍ਰੋ. ਭੁੱਲਰ ਜਿੰਨਾਂ ਦੀ ਬੀਮਾਰੀ ਕਾਰਣ ਹਾਲਤ ਬਹੁਤ ਨਾਜ਼ੁਕ ਹੋ ਗਈ ਹੈ ਉਹਨਾਂ ਦੀ ਤੁਰੰਤ ਰਿਹਾਈ ਕਰਵਾਈ ਜਾਵੇ। ਸ੍ਰੀ ਅਕਾਲ ਤਖ਼ਤ ਸਾਹਿਬ ਤੋ 23 ਮਾਰਚ 2012 ਨੂ ਭਾਈ ਰਾਜੋਆਣਾ ਜੀ ਲਈ ਜਾਰੀ ਹੋਏ ਆਦੇਸ਼ ਦੀ ਵੀ ਪੂਰਨ ਰੂਪ ਵਿਚ ਪਾਲਣਾ ਕੀਤੀ ਜਾਵੇ। ਸਦੀਆਂ ਬੀਤ ਗਈਆਂ ਕੋਮ ਦੀ ਅਮਾਨਤ, ਕੌਮ ਦੇ ਅਨੇਕਾਂ ਹੀਰਿਆਂ ਨੂੰ ਜੇਲ੍ਹਾਂ ਵਿਚ ਉਮਰ ਕੈਦਾਂ ਤੋਂ ਵੀ ਵੱਧ ਸਜ਼ਾਵਾਂ ਕੱਟਦੇ। ਸਾਰੇ ਸਿੱਖ ਜਗਤ ਨੂੰ ਉਮੀਦ ਹੈ ਕਿ ਸਿੱਖਾਂ ਦੀ ਸਰਵ-ਉੱਚ ਅਦਾਲਤ ਦੇ ਜਥੇਦਾਰ ਹੋਣ ਨਾਤੇ ਤੁਸੀਂ ਕੌਮ ਨੂੰ ਨਿਰਾਸ਼ ਨਹੀਂ ਕਰੋਗੇ। ਹਰ ਉਹ ਕੋਸ਼ਿਸ ਕਰੋਗੇ ਜਿਸ ਨਾਲ ਜੇਲਾਂ ਵਿਚ ਕੈਦ ਉਹ ਸੂਰਮੇ ਛੇਤੀ ਰਿਹਾਅ ਹੋਣ।ਸਿੰਘ ਸਾਹਿਬ ਜੀ , ਤੁਹਾਡੀ ਕੀਤੀ ਹਰ ਸਫ਼ਲ ਕੋਸ਼ਿਸ ਇਤਿਹਾਸ ਦੇ ਪੰਨੇ ਤੇ ਸੁਨਿਹਰੀ ਅੱਖਰਾਂ ਵਿਚ ਲਿਖੀ ਜਾਵੇਗੀ।

ਖਾਲਸਾ ਪੰਥ ਦੀ ਇਨਸਾਫ਼ ਦੀ ਲੜਾਈ ਵਿਚ ਤੁਹਾਡੀ ਅਗਵਾਹੀ ਦੀ ਉਡੀਕ ਵਿਚ ਖਾਲਸਾ ਪੰਥ ਦੇ ਸੇਵਕ,

---------------------------